## ਗੁਰੂ ਨਾਨਕ - ਸਬਦ ੩੩

## ਆਸਣੁ ਲੋਇ ਲੋਇ ਭੰਡਾਰ ॥

## ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੭

ਆਸਣੁ ਲੋਇ ਲੋਇ ਭੰਡਾਰ ॥
ਜੋ ਕਿਛੁ ਪਾਇਆ ਸੁ ਏਕਾ ਵਾਰ ॥
ਕਰਿ ਕਰਿ ਵੇਖੈ ਸਿਰਜਣਹਾਰੁ ॥
ਨਾਨਕ ਸਚੇ ਕੀ ਸਾਚੀ ਕਾਰ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥

**ਸਾਰ:** ਕੁਦਰਤ ਮਨੁਖ ਦੇ ਜੀਵਣ ਦਾ ਇੱਕ ਮਹੱਤਵਪੂਰਣ ਹਿੱਸਾ ਹੈ, ਪਰ ਜਦੋਂ ਉਹ ਇਸ ਨੂੰ ਇਕ ਇਸਤਮਾਲ ਕਰਨ ਵਾਲੇ ਸੋਮੇ ਦੇ ਤੌਰ ਤੇ ਵੇਖਦਾ ਤਾਂ ਇਸ ਨਾਲ ਆਪਣੀ ਸਾਂਝ ਗੁਆ ਸਕਦਾ ਹੈ। ਜੇ ਮਨੁੱਖ ਇਸ ਸੱਚਾਈ ਨੂੰ ਅੰਗੀਕਾਰ ਕਰ ਲਵੇ ਕਿ ਕੁਦਰਤ ਇਕ ਪਾਲਹਹਾਰ ਸਤਾ ਹੈ ਜਿਸ ਦਾ ਹਰੇਕ ਤੱਤ ਦੂਜੇ 'ਤੇ ਨਿਰਭਰ ਕਰਦਾ ਹੈ, ਤਾਂ ਉਹਨਾਂ ਨੂੰ ਅਹਿਸਾਸ ਹੋਵੇਗਾ ਕਿ ਸਮੁਚਾ ਵਰਤਾਰਾ ਇਕਸੁਰਤਾ ਨਾਲ ਵੱਧਦਾ ਹੈ। ਇਹ ਸੂਝ ਉਹਨਾਂ ਨੂੰ ਸ੍ਰਿਸ਼ਟੀ ਦੇ ਇਕ ਸੋਮੇ ਵੱਲ ਵਾਪਸ ਲੈ ਜਾ ਸਕਦੀ ਹੈ।

ਆਸਣੁ ਲੋਇ ਲੋਇ ਭੰਡਾਰ ॥
ਕੁਦਰਤ ਸਰਬ-ਵਿਆਪਕ ਸ਼ਕਤੀ ਦੇ ਇੱਕ ਅਦਭੁਤ ਪ੍ਰਗਟਾਵੇ ਦਾ ਖਜ਼ਾਨਾ ਹੈ ਜੋ ਸ੍ਰਿਸ਼ਟੀ ਦੇ ਹਰ ਪਹਿਲੂ ਵਿਚ ਸਮਾਅ ਇਸ ਨੂੰ ਨਿਯੰਤਰਿਤ ਕਰਦੀ ਹੈ।

ਜੋ ਕਿਛੁ ਪਾਇਆ ਸੁ ਏਕਾ ਵਾਰ ॥
ਇੱਕ ਸਰਵ-ਵਿਆਪਕ ਚੇਤਨਾ ਜਿਸ ਨੇ ਆਪਣੀ ਰਚਨਾ ਵਿੱਚ ਜੀਵਨ ਰੂਪੀ ਬੀਜ ਪਾਇਆ ਹੋਇਆ ਹੈ ਲਗਾਤਾਰ ਵਿਕਸਿਤ ਹੋ ਰਹੀ ਹੈ।

ਕਰਿ ਕਰਿ ਵੇਖੈ ਸਿਰਜਣਹਾਰੁ ॥

ਸਰਬ-ਵਿਆਪਕ ਸਿਰਜਣਹਾਰ ਸ੍ਰਿਸ਼ਟੀ ਨੂੰ ਹੋਂਦ ਵਿੱਚ ਲਿਆਉਂਦਾ ਹੈ ਅਤੇ ਇਸ ਦੀ ਹੋਂਦ ਨੂੰ ਕਾਇਮ ਰੱਖਦਾ ਹੈ।

ਨਾਨਕ ਸਚੇ ਕੀ ਸਾਚੀ ਕਾਰ ॥
ਨਾਨਕ ਆਖਦੇ ਹਨ ਸਚਿਆਰ ਸਿਰਜਣਹਾਰ ਦੀ ਰਚਨਾ ਸੱਚ ਹੈ।

ਆਦੇਸੁ ਤਿਸੈ ਆਦੇਸੁ ॥
ਕੁਦਰਤ ਦੇ ਹੁਕਮ ਦਾ ਸਤਿਕਾਰ, ਵਿਸ਼ਵਵਿਆਪੀ ਨਿਯਮ ਹੈ।

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥
ਸ੍ਰੋਤ, ਬੇਦਾਗ, ਅਨੰਤ, ਅਨਾਦਿ, ਸਰਬ-ਵਿਆਪਕ ਅਣਡਿਠ ਊਰਜਾ ਆਦਿ ਕਾਲ ਤੋਂ ਹੀ ਇੱਕੋ ਇੱਕ ਮੁੱਢਲੀ ਹਸਤੀ ਰਹੀ ਹੈ। (੩੧)

**ਤੱਤ:** ਗੁਰੂ ਨਾਨਕ ਵਿਸ਼ਵਵਿਆਪੀ ਹੁਕਮ ਵਜੋਂ ਫੁਰਮਾਉਂਦੇ ਹਨ ਕਿ ਕੁਦਰਤ ਨੂੰ ਸਰਵਹਿਤ ਪਰਉਪਕਾਰ ਲਈ ਅੰਤਮ ਸਤਾ ਵਜੋਂ ਸਤਿਕਾਰਣਾ ਸਾਡਾ ਪੈਦਾਇਸ਼ੀ ਅਤੇ ਬਿਨਾਂ ਸ਼ਰਤ ਫ਼ਰਜ਼ ਹੈ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** OnenessInDiversity.com

**ਈਮੇਲ: onenessindiversityfoundation@gmail.com**